# Visit of Minister for Europe and Foreign Affairs of France to India (April 13-15, 2021)

April 12, 2021

.........................................................................................................................

## ਯੂਰੋਪ ਅਤੇ ਵਦਿੇਸ਼ ਮਾਮਲਿਆਂ ਬਾਰੇ ਫਰਾਂਸੀਸੀ ਮੰਤਰੀ ਦੀ ਭਾਰਤ ਦੀ ਫੇਰੀ (13-15 ਅਪ੍ਰੈਲ, 2021)

12 ਅਪ੍ਰੈਲ, 2021

1. ਯੂਰੋਪ ਅਤੇ ਵਿਦੇਸ਼ ਮਾਮਲਿਆਂ ਬਾਰੇ ਫਰਾਂਸੀਸੀ ਮੰਤਰੀ ਮਹਾਮਹਿਮ ਸ਼੍ਰੀ ਜੀਨ-ਯਵੇਸ ਲੇ ਡ੍ਰੀਅਨ 13-15 ਅਪ੍ਰੈਲ, 2021 ਤੱਕ ਭਾਰਤ ਦੇ ਅਧਿਕਾਰਤ ਦੌਰੇ 'ਤੇ ਆਉਣਗੇ।

2. ਨਵੀਂ ਦਿੱਲੀ ਵਿਖੇ ਠਹਿਰਨ ਦੌਰਾਨ ਸ਼੍ਰੀ ਲੇ ਡ੍ਰੀਅਨ 13 ਅਪ੍ਰੈਲ, 2021 ਨੂੰ ਵਿਦੇਸ਼ ਮੰਤਰੀ ਡਾ. ਸੁਬ੍ਰਾਹਮਨਿਅਮ ਜੈਸ਼ੰਕਰ ਨਾਲ ਆਪਸੀ ਹਿੱਤ ਦੇ ਦੁਵੱਲੇ, ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਗੱਲਬਾਤ ਕਰਨਗੇ। ਉਹ ਮੌਸਮੀ ਤਬਦੀਲੀ ਬਾਰੇ ਪੈਨਲ ਦੇ ਵਿਚਾਰ ਵਟਾਂਦਰੇ ਦੌਰਾਨ ਵਾਤਾਵਰਣ, ਜੰਗਲਾਤ ਅਤੇ ਮੌਸਮੀ ਪਰਿਵਰਤਨ ਮੰਤਰੀ ਸ਼੍ਰੀ ਪ੍ਰਕਾਸ਼ ਜਾਵਡੇਕਰ ਨੂੰ ਵੀ ਮਿਲਣਗੇ। ਉਹ ਰਾਇਸੀਨਾ ਸੰਵਾਦ ਵਿੱਚ ਵੀ ਹਿੱਸਾ ਲੈਣਗੇ।

3. ਭਾਰਤ ਅਤੇ ਫਰਾਂਸ ਦੇ 1998 ਤੋਂ ਹੀ ਰਣਨੀਤਕ ਭਾਈਵਾਲੀ ਵਾਲੇ ਸਬੰਧ ਹਨ, ਜਿਸ ਵਿੱਚ ਬਾਕਾਇਦਾ ਤੌਰ 'ਤੇ ਉੱਚ ਪੱਧਰੀ ਵਟਾਂਦਰੇ ਅਤੇ ਵੱਖ - ਵੱਖ ਖੇਤਰਾਂ ਵਿੱਚ ਵਧਦਾ ਸਹਿਯੋਗ ਸ਼ਾਮਲ ਰਿਹਾ ਹੈ। ਸ਼੍ਰੀ ਲੇ ਡ੍ਰੀਅਨ ਦੀ ਇਹ ਯਾਤਰਾ COVID ਤੋਂ ਬਾਅਦ ਦੇ ਪ੍ਰਸੰਗ ਵਿੱਚ ਵਪਾਰ, ਰੱਖਿਆ, ਜਲਵਾਯੂ, ਪਰਵਾਸ ਅਤੇ ਗਤੀਸ਼ੀਲਤਾ, ਸਿੱਖਿਆ ਅਤੇ ਸਿਹਤ ਖੇਤਰ ਵਿੱਚ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦਾ ਰਾਹ ਪੱਧਰਾ ਕਰੇਗੀ।

ਨਵੀਂ ਦਿੱਲੀ
12 ਅਪ੍ਰੈਲ, 2021

DISCLAIMER: This is an approximate translation. The original is available in English on MEA's website and may be referred to as the official press release.